# 10

# ਯਿਸੂ ਦੇ ਮਨੁੱਖ ਹੋਣ ਦਾ ਸਿਖਰ: ਉਹਦੀ ਮੌਤ ਅਤੇ ਜੀ ਉੱਠਣਾ

ਯਿਸੂ ਦੇ ਮਨੁੱਖ ਹੋਣ ਦਾ ਸਿਖਰ ਕੀ ਸੀ? ਅਸੀਂ ਇਹ ਸੁਝਾਅ ਦੇ ਚੁੱਕੇ ਹਾਂ ਕਿ ਪੂਰਣ ਮਨੁੱਖ ਹੋਣ ਦੀਆਂ ਯਿਸੂ ਦੇ ਸਭ ਤੋਂ ਵੱਡੀਆਂ ਮਿਸਾਲਾਂ ਉਹਦੀ ਦੁਆ ਭਰੀ ਜ਼ਿੰਦਗੀ ਅਤੇ ਕਲਵਰੀ ਉੱਤੇ ਉਹਦੀ ਮੌਤ ਸਨ। ਇਹ ਇਸ ਲਈ ਕਿਹਾ ਗਿਆ ਹੈ ਕਿਉਂਕਿ ਪ੍ਰਾਰਥਨਾ ਜੋ ਉਸ ਨਾਂ ਦੇ ਯੋਗ ਹੈ ਅਤੇ ਗੰਭੀਰਤਾ ਜਿਸ ਨਾਲ ਅਸੀਂ ਮੌਤ ਨੂੰ ਵੇਖਦੇ ਹਾਂ, ਮਨੁੱਖ ਹੋਣ ਦੀ ਨਿਰਭਰਤਾ ਦਾ ਸਬੂਤ ਹੈ। ਦੁਆ ਵਿਚ ਅਸੀਂ ਉਹਦੀ ਇੱਛਾ ਚਾਹੁੰਦੇ ਹਾਂ ਜਿਸ ਉੱਤੇ ਨਿਰਭਰ ਹਾਂ; ਮੌਤ ਵਿਚ ਅਸੀਂ ਉਸ ਵਿਚ ਜ਼ਿੰਦਗੀ ਦਾ ਕਿਆਫ਼ਾ ਲਾਉਂਦੇ ਹਾਂ ਜਿਸ ਨਾਲ ਮੌਤ ਆਉਂਦੀ ਹੈ।

ਲਿਖਤ ਵਿਚ ਅਸੀਂ ਯਿਸੂ ਨੂੰ ਦੁਆ ਕਰਦਿਆਂ ਅਤੇ ਸਲੀਬ ਉੱਤੇ ਮਰਦਿਆਂ ਵੇਖਦੇ ਹਾਂ। ਇਹ ਸਭ ਹੋਣਾ ਯਿਸੂ ਦੇ ਸਚਮੁਚ ਮਨੁੱਖ ਹੋਣ ਦੇ ਕਾਇਲ ਕਰਨ ਵਾਲ ਮੁਜ਼ਾਹਿਰੇ ਹਨ। ਸਲੀਬ ਤੋਂ "ਹੇ ਮੇਰੇ ਪਰਮੇਸ਼ੁਰ, ਹੇ ਮੇਰੇ ਪਰਮੇਸ਼ੁਰ, ਤੈਂ ਮੈਨੂੰ ਕਿਉਂ ਛੱਡ ਦਿੱਤਾ?" (ਮਰਕੁਸ 15:34) ਪੁਕਾਰ ਕੇ ਉਹ ਸਾਨੂੰ ਦੁਆ ਕਰਨਾ ਸਿਖਾਉਣ ਦੇ ਮੌਕੇ ਦਾ ਫ਼ਾਇਦਾ ਨਹੀਂ ਚੁੱਕ ਰਿਹਾ ਸੀ। ਉਹ ਦਿਲੋਂ ਨਿੱਕਲੀ ਹੂਕ ਅਤੇ ਜਿਸਮਾਨੀ ਤਕਲੀਫ਼ ਵਿਚ ਪੁਕਾਰ ਰਿਹਾ ਸੀ ਜਿਹਦੀ ਤੁਹਾਨੂੰ ਅਤੇ ਮੈਨੂੰ ਸਮਝ ਨਹੀਂ ਆ ਸਕਦੀ। ਸਾਨੂੰ ਕਦੇ ਸਮਝ ਨਹੀਂ ਆ ਸਕਦੀ ਕਿਉਂਕਿ ਅਸੀਂ ਉੱਥੇ ਨਹੀਂ ਸਾਂ, ਨਾ ਹੋਵਾਂਗੇ ਅਤੇ ਨਾ ਹੋ ਸਕਦੇ ਹਾਂ। ਅਸੀਂ ਕਦੇ ਉਹ ਸਿਰਜਣਹਾਰ ਨਹੀਂ ਬਣੇ ਜੋ ਇਕ ਰਚਨਾ ਬਣ ਗਿਆ ਸੀ। ਅਸੀਂ ਕਦੇ ਨੂੰ ਖ਼ੁਦਾ ਨਹੀਂ ਸਾਂ ਜਿਸਨੇ ਆਪਣੇ ਆਪ ਨੂੰ ਪ੍ਰਤਾਪ ਤੋਂ ਸੱਖਣਾ ਕਰਕੇ ਮਨੁੱਖ ਦਾ ਰੂਪ ਧਾਰ ਲਿਆ ਸੀ। ਤੁਸੀਂ ਅਤੇ ਮੈਂ ਭਗਤੀ ਭਰੀ ਜ਼ਿੰਦਗੀ ਕੱਟਦੇ ਹਾਂ ਅਤੇ ਦੁੱਖ ਵਿਚ ਮਰ ਜਾਂਦੇ ਹਾਂ। ਪਰ ਅਸੀਂ ਕਦੇ ਪਾਪ ਰਹਿਤ ਨਹੀਂ ਹੋਵਾਂਗੇ ਅਤੇ ਕਦੇ ਆਪਣੇ ਆਪ ਨੂੰ ਕਾਮਿਲ ਕੁਰਬਾਨੀ ਦੇ ਰੂਪ ਵਿਚ ਭੇਂਟ ਨਹੀਂ ਕਰਾਂਗੇ। ਕਿਸੇ ਹੋਰ ਨੂੰ ਉਜਾੜ ਅਤੇ ਤਸੀਹੇ ਭਰੇ ਅਜਾਬ ਵਿਚ ਸਲੀਬ ਨਹੀਂ ਲਮਕਾਇਆ ਜਾਵੇਗਾ।

ਯਿਸੂ ਨੇ ਪੂਰੀ ਤਰ੍ਹਾਂ ਆਦਰਸ਼ ਜ਼ਿੰਦਗੀ ਹੀ ਨਹੀਂ ਗੁਜ਼ਾਰੀ (ਇਬਰਾਨੀਆਂ 4:15; 1 ਪਤਰਸ 2:22), ਬਲਕਿ ਉਹ ਸਭ ਤੋਂ ਨਮੋਸ਼ੀ ਵਾਲੀ ਮੌਤ ਵੀ ਮਰਿਆ ਸੀ ਜਿਵੇਂ ਅੱਜ ਤਕ ਕੋਈ ਨਹੀਂ ਮਰਿਆ ਹੈ (2 ਕੁਰਿੰਥੀਆਂ 5:21)। ਯਿਸੂ ਨੂੰ ਆਪਣੇ ਮਕਸਦ ਨੂੰ ਪੂਰਾ ਕਰਨ ਲਈ ਮਨੁੱਖ ਦੇ ਰੂਪ ਵਿਚ ਜੀਣ ਲਈ ਸਭ ਤੋਂ ਉੱਚੇ ਅਤੇ ਮਰਨ ਦੇ ਸਭ ਤੋਂ ਅਖ਼ੀਰ ਨੂੰ ਸਹਿਣਾ ਪਿਆ ਸੀ। ਉਹ ਧਰਤੀ 'ਤੇ ਸਾਡੇ ਲਈ ਨਮੂਨਾ ਦੇਣ ਅਤੇ ਆਪਣੇ ਮਗਰ ਲਾਉਣ *ਹੀ* ਨਹੀਂ ਆਇਆ (1 ਪਤਰਸ 2:21)। ਨਾ ਹੀ ਉਹ *ਸਿਰਫ਼* ਜ਼ਿੰਦਗੀ ਦੇ ਵਚਨ ਸਿਖਾਉਣ ਆਇਆ ਸੀ (ਯੂਹੰਨਾ 6:63)। ਯਿਸੂ ਨੇ ਆਪ ਕਿਹਾ "ਪਰਮੇਸ਼ੁਰ ਨੇ ਪੁੱਤਰ ਨੂੰ ਜਗਤ ਵਿਚ ਇਸ ਲਈ ਨਹੀਂ ਘੱਲਿਆ ਜੋ ਉਹ ਜਗਤ ਨੂੰ ਦੋਸ਼ੀ ਠਹਿਰਾਵੇ ਸਗੋਂ ਇਸ ਲਈ ਜੋ ਜਗਤ

ਉਹ ਦੇ ਰਾਹੀਂ ਬਚਾਇਆ ਜਾਵੇ'' (ਯੂਹੰਨਾ 3:17)।

ਉਹਦੇ ਮਿਸ਼ਨ ਲਈ ਜਨਮ ਲੈਣਾ, ਅਤੇ ਜ਼ਿੰਦਗੀ ਜੀਣ ਤੋਂ ਕਿਤੇ ਵੱਧ ਜ਼ਰੂਰੀ ਉਹਦਾ ਮਰਨਾ ਸੀ। ਉਹਦੇ ਮਿਸ਼ਨ ਨੂੰ ਪੂਰਾ ਕਰਨ ਲਈ ਉਹਦਾ ਜਨਮ *ਨਿਰਾਲਾ*, ਉਹਦੀ ਜ਼ਿੰਦਗੀ *ਨਿਰਦੋਸ਼* ਅਤੇ ਮੌਤ ਬੜੀ ਹੀ *ਹਕੀਕੀ* ਹੋਣੀ ਜ਼ਰੂਰੀ ਸੀ। ਧਰਤੀ ਉਤਲੀ ਆਪਣੀ ਜ਼ਿੰਦਗੀ ਦੇ ਸਭ ਪਹਿਲੂਆਂ ਵਿਚ ਯਿਸੂ ਨੇ ਧਰਤੀ 'ਤੇ ਰਹਿਣ ਵਾਲੇ ਕਿਸੇ ਵੀ ਮਨੁੱਖ ਤੋਂ ਉੱਪਰ ਮਨੁੱਖੀ ਸੁਭਾਅ ਨੂੰ ਵਿਖਾਇਆ ਸੀ। ਉਹ ਸਿੱਧ ਸੀ, ਇਸ ਲਈ ਨਹੀਂ ਕਿ ਉਹ ''ਅੱਧਾ-ਖ਼ੁਦਾ'' ਸੀ, ਬਲਕਿ ਇਸ ਲਈ ਕਿਉਂਕਿ ਉਹ ਸਚਮੁਚ ਮਨੁੱਖ ਸੀ ਅਤੇ ਬਗ਼ੈਰ ਕਿਸੇ ਕਲੰਕ ਜਾਂ ਦੋਸ਼ ਦੇ ਸੀ। ਮਨੁੱਖ ਦੇ ਸਾਰੇ ਇਤਿਹਾਸ ਵਿਚ ਸਿਰਫ਼ ਯਿਸੂ ਹੀ ਇੱਕੋ ਇਕ ਮਿਸਾਲ ਸੀ ਜਿਸਨੇ ਨਾ ਸਿਰਫ਼ ਉੱਤਮ ਜੀਵਨ ਬਿਤਾਇਆ ਬਲਕਿ ਜਨਮ ਤੋਂ ਲੈ ਕੇ ਮਰਨ ਤਕ ਪਾਪ-ਰਹਿਤ ਰਿਹਾ ਸੀ।

## ਉਹਦੀ ਮੌਤ

ਨਿਵੇਕਲੇ ਢੰਗ ਨਾਲ ਪਵਿੱਤਰ ਅਤੇ ਸ਼ਾਂਤ ਯਿਸੂ ਗੁਆਚੇ ਹੋਇਆਂ ਨੂੰ ਬਚਾਉਣ ਦਾ ਆਪਣਾ ਮਕਸਦ ਕਿਵੇਂ ਪੂਰਾ ਕਰ ਸਕਿਆ? ਇਹ ਗਤਸਮਨੀ ਦੀ ਪਹੇਲੀ ਸੀ। ਉਸਨੇ ਚਾਹਿਆ ਸੀ ਕਿ ਉਹਦੇ ਪਿਤਾ ਦੀ ਮਰਜ਼ੀ ਪੂਰੀ ਹੋਵੇ: ''ਕਿਉਂ ਜੋ ਪਰਮੇਸ਼ੁਰ ਇੱਕੋ ਹੈ ਅਰ ਪਰਮੇਸ਼ੁਰ ਅਤੇ ਮਨੁੱਖਾਂ ਵਿਚ ਇੱਕੋ ਵਿਚੋਲਾ ਹੈ ਜਿਹੜਾ ਆਪ ਮਨੁੱਖ ਹੈ ਅਰਥਾਤ ਮਸੀਹ ਯਿਸੂ। ਜਿਸ ਨੇ ਆਪਣੇ ਆਪ ਨੂੰ ਸਭਨਾਂ ਲਈ ਪ੍ਰਾਸਚਿਤ ਕਰ ਕੇ ਦੇ ਦਿੱਤਾ'' (1 ਤਿਮੋਥਿਉਸ 2:5, 6ੳ)। ਯਿਸੂ ਨੇ ਕਿਹਾ ਸੀ, ''ਕਿਉਂਕਿ ਮਨੁੱਖ ਦਾ ਪੁੱਤਰ ਵੀ ਆਪਣੀ ਟਹਿਲ ਕਰਾਉਣ ਨਹੀਂ ਸਗੋਂ ਟਹਿਲ ਕਰਨ ਅਤੇ ਬਹੁਤਿਆਂ ਲਈ ਨਿਸਤਾਰੇ ਦਾ ਮੁੱਲ ਭਰਨ ਨੂੰ ਆਪਣੀ ਜਾਨ ਦੇਣ ਆਇਆ'' (ਮਰਕੁਸ 10:45)।

ਐਨੇ ਪਵਿੱਤਰ ਅਤੇ ਪਿਆਰੇ ਆਦਮੀ ਨੂੰ ਕੁਰਬਾਨ ਹੋਣਾ ਕਿਉਂ ਜ਼ਰੂਰੀ ਸੀ ਅਤ ਉਹਦੀ ਮੌਤ ਐਨੀ ਖ਼ਤਰਨਾਕ ਹੋਣੀ ਕਿਉਂ ਜ਼ਰੂਰੀ ਸੀ। ਖ਼ੁਦਾ ਦੇ ਅੱਤ ਪਵਿੱਤਰ ਹੋਣ ਕਰਕੇ। ਉਹਦੇ ਨਾ ਬਦਲਣ ਅਤੇ ਨਿਰਪੱਖ ਨਿਆਂ ਕਰਕੇ। ਉਹਦੀ ਪਵਿੱਤਰਤਾ ਪਾਪ ਤੋਂ ਘਿਣ ਕਰਦੀ ਹੈ; ਉਹਦੇ ਨਿਆਂ ਦੀ ਮੰਗ ਹੈ ਕਿ ਹਰ ਪਾਪ ਦੀ ਸਜ਼ਾ ਦਿੱਤੀ ਜਾਵੇ। ਇਸ ਵਿਚ ਕੋਈ ਸੁਰਾਖ ਨਹੀਂ ਹੈ। ਖ਼ੁਦਾ ਕਿਸੇ ਕਿਰਪਾਲੂ ਮਾਤਾ ਪਿਤਾ ਵਾਂਗ ਨਹੀਂ ਹੈ ਜੋ ਪਿਆਰ ਅਤੇ ਸਹਿਣਸ਼ੀਲਤਾ ਦੇ ਸਿਧਾਂਤ ਤੇ ਆਪਣੇ ਬੱਚਿਆਂ ਦੀਆਂ ਬਦਚਲਨੀਆਂ ਨੂੰ ਨਜ਼ਰਅੰਦਾਜ਼ ਕਰ ਦੇਵੇ। ਇਸਦੇ ਉਲਟ ਸਾਨੂੰ ਦੱਸਿਆ ਗਿਆ ਹੈ ਖ਼ੁਦਾ ਵੱਲੋਂ ਪਹਿਲਾਂ ਤੋਂ ਹੀ ''ਹਰੇਕ ਅਪਰਾਧ ਅਤੇ ਅਣਆਗਿਆਕਾਰੀ ਦਾ ਠੀਕ ਠੀਕ ਬਦਲਾ ਮਿਲਿਆ'' (ਇਬਰਾਨੀਆਂ 2:2ਅ); ਅਤੇ ''ਜਿਸ ਕਿਸੇ ਨੇ ਮੂਸਾ ਦੀ ਸ਼ਰ੍ਹਾ ਦੀ ਟਾਲਨਾ ਕੀਤੀ ਹੋਵੇ ਓਹ ਦੋ ਜਾਂ ਤਿੰਨ ਗਵਾਹਾਂ ਦੀ ਗਵਾਹੀ ਨਾਲ ਬਿਨਾ ਤਰਸ ਕੀਤਿਆਂ ਮਾਰਿਆ ਜਾਂਦਾ ਹੈ'' (ਇਬਰਾਨੀਆਂ 10:28)। ਨਵਾਂ ਨੇਮ ਦੱਸਦਾ ਹੈ ਕਿ ''ਮਨੁੱਖਾਂ ਲਈ ਇਕ ਵਾਰ ਮਰਨਾ ਠਹਿਰਾਇਆ ਹੋਇਆ ਹੈ'' (ਇਬਰਾਨੀਆਂ 9:27)। ਪਾਪ ਬਹੁਤ ਹੀ ਗੰਭੀਰ ਗੱਲ ਹੈ ਭਾਵ ਸਾਫ਼ ਕਿਹਾ ਜਾਵੇ ਤਾਂ ਇਹ ਵਿਨਾਸ਼ਕਾਰੀ ਹੈ।

ਸਾਡੇ ਪਾਪਾਂ ਲਈ ਮੁਕੰਮਲ ਤੌਰ ਤੇ ਪਵਿੱਤਰ ਖ਼ੁਦਾ ਦੀ ਮੰਗ ਨੂੰ ਪੂਰਾ ਕਰਨ ਲਈ ਨਿਰਦੋਸ਼ ਮਸੀਹ ਦੀ ਸਿੱਧ ਕੁਰਬਾਨੀ ਤੋਂ ਘੱਟ ਗੱਲ ਨਹੀਂ ਬਣ ਸਕਦੀ ਸੀ ਇਸ ਕਰਕੇ ਖ਼ੁਦਾ ਦੇ ਪੁੱਤਰ ਨੇ ਜਿਸ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਾਲ ਖ਼ੁਦਾ ਅਰਥਾਤ ਆਪਣੇ ਪਿਤਾ ਦੇ ਸਪੁਰਦ ਕਰ ਦਿੱਤਾ ਸੀ, ਛੁਟਕਾਰੇ ਦੀ ਕੀਮਤ ਅਦਾ ਕੀਤੀ ਸੀ। ਉਹਦੀ ਦੇਹ ਅਤੇ ਲਹੂ

(ਆਪਣੀ ਜਾਨ) ਨੇ ਐਨੀ ਵੱਡੀ ਕੁਰਬਾਨੀ ਕੀਤੀ ਸੀ ਖ਼ੁਦਾ ਦੇ ਨਿਆਂ ਦੀਆਂ ਸਭ ਸ਼ਰਤਾਂ ਪੂਰੀਆਂ ਹੋ ਗਈਆਂ। ਇਸ ਨਾਲ ਪਿਤਾ ਉਨ੍ਹਾਂ ਨੂੰ ਜੋ ਇਸ ਦਾਨ ਨੂੰ ਕਬੂਲ ਕਰਦੇ ਹਨ, ਮਾਫ਼ ਕਰਕੇ ਆਪਣੀ ਮੁਕੰਮਲ ਹੋਂਦ ਨਾਲ ਕਾਇਮ ਰਹਿੰਦਾ ਹੈ। *''ਦਇਆ ਨਿਆਉਂ ਦੇ ਉੱਤੇ ਫ਼ਤਹਿ ਪਾਉਂਦੀ ਹੈ!''* (ਯਾਕੂਬ 2:13ਅ)।

ਮੌਤ ਵੇਲੇ ਯਿਸੂ ਨੇ ਕਿਹਾ ਸੀ ਕਿ ''ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਕਿ ਕੀ ਕਰਦੇ ਹਨ''; ''ਪੂਰਾ ਹੋਇਆ ਹੈ!''; ''ਹੇ ਪਿਤਾ ਮੈਂ ਆਪਣੀ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ'' (ਲੂਕਾ 23:34; ਯੂਹੰਨਾ 19:30; ਲੂਕਾ 23:46)। *''ਪੂਰਾ ਹੋਇਆ ਹੈ!''* ਸ਼ਾਇਦ ਮਨੁੱਖ ਲਈ ਇਨ੍ਹਾਂ ਸ਼ਬਦਾਂ ਦੀ ਅਹਿਮੀਅਤ ਨੂੰ ਸਮਝਣਾ ਨਾਮੁਮਕਿਨ ਹੈ। ਪਰ, ਯਿਸੂ ਜਾਣਦਾ ਸੀ; ਅਤੇ ਮੌਤ ਦੀ ਭਿਆਨਕ ਤਕਲੀਫ਼ ਨੂੰ ਸਹਿਣ ਦੇ ਬਾਵਜੂਦ ਜੋ ਉਸਨੇ ਸਹੀ ਸ਼ਾਂਤੀ ਨਾਲ ਭਰ ਗਿਆ ਸੀ। ਹੁਣੇ ਆਪਣੇ ਪਿਤਾ ਦੇ ਘਰ ਜਾਣਾ ਰਹਿ ਗਿਆ ਸੀ ਜੋ ਉਧਾਰ ਦੀ ਕਬਰ ਤੋਂ ਉਹਦੇ ਫੇਰ ਜੀ ਉੱਠਣ ਨਾਲ ਸ਼ੁਰੂ ਹੋਇਆ। ਉਹਦੀ ਮਨੁੱਖਤਾ ਇਸ ਦੀਆਂ ਕੁਝ ਹੱਦਾਂ ਤਕ ਵਧਾਈ ਗਈ ਸੀ। ਉਹਦਾ ਜਨਮ ਜਲਾਲੀ ਸੀ (ਲੂਕਾ 2:6, 7, 13, 14)। ਉਹਦਾ ਜੀਵਨ ਬੇਹੱਦ ਪਾਕ ਸੀ। ਇਸਦੇ ਉਲਟ, ਉਹਦੀ ਮੌਤ ਉਹਦੀ ਫ਼ਤਹਿ ਸੀ। ਉਹ ਪਿਤਾ ਦੀ ਮਰਜ਼ੀ ਪੂਰੀ ਕਰਨ ਲਈ ਆਇਆ ਸੀ (ਯੂਹੰਨਾ 6:38), ਅਤੇ ਉਸਨੇ ਇਸਨੂੰ ਪੂਰਾ ਕਰ ਦਿੱਤਾ ਸੀ।

## ਉਹਦਾ ਜ਼ਿੰਦਾ ਹੋਣਾ

ਯਿਸੂ ਦਾ ਜ਼ਿੰਦਾ ਹੋਣਾ ਉਹਦੀ ਹਮਾਇਤ ਸੀ ਅਤੇ ਇਹ ਜ਼ਿੰਦਾ ਹੋਣਾ ਬੜਾ ਹੀ ਸ਼ਾਨਦਾਰ ਸੀ! ਕਿਸੇ ਦੇ ਬਿਨਾ ਸੁਣੇ, ਬਿਨਾ ਹੱਥ ਲਾਏ ਅਤੇ ਬਿਨਾ ਵੇਖੇ ਅਤੇ ਬਿਨਾ ਸਮਝੇ ਯਿਸੂ ਜ਼ਿੰਦਿਆਂ ਦੀ ਧਰਤੀ 'ਤੇ ਮੁੜ ਆਇਆ ਸੀ।

ਆਪਣੇ ਜ਼ਿੰਦਾ ਹੋਣ ਅਤੇ ਸਲੀਬ 'ਤੇ ਚੜ੍ਹਨ ਦੌਰਾਨ ਉਸਨੂੰ ਵੇਖਿਆ ਸੀ (1 ਕੁਰਿੰਥੀਆਂ 15:1-8)। ਜ਼ਿੰਦਾ ਹੋਣ ਦੇ ਬਾਅਦ ਯਿਸੂ ਦਾ ਬਹੁਤ ਵਾਰ ਦਿਖਾਈ ਦੇਣਾ ਮਨੁੱਖੀ ਨਜ਼ਰੀਏ ਤੋਂ ਅਨੋਖੀ ਗੱਲ ਸੀ। ਕੁਝ ਮਿਸਾਲਾਂ ਤੇ ਧਿਆਨ ਦਿਓ। ਮਰੀਅਮ ਮਗਦਲੀਨੀ ਐਤਵਾਰ ਵਾਲੇ ਦਿਨ ਮੂੰਹ ਹਨੇਰੇ ਉਸ ਥਾਂ 'ਤੇ ਗਈ ਜਿੱਥੇ ਯਿਸੂ ਨੂੰ ਕਬਰ ਵਿਚ ਰੱਖਿਆ ਗਿਆ ਸੀ। ਖਾਲੀ ਕਬਰ ਵੇਖ ਕੇ ਉਸਨੂੰ ਲੱਗਾ ਕਿ ਯਿਸੂ ਦੀ ਦੇਹ ਨੂੰ ਕਿਤੇ ਹੋਰ ਰੱਖ ਦਿੱਤਾ ਗਿਆ ਹੈ। ਜਦ ਉਹ ਰੋ ਰਹੀ ਸੀ ਤਾਂ ਯਿਸੂ ਨੇ ਉਸਨੂੰ ਦਰਸ਼ਨ ਦੇ ਕੇ ਉਸ ਨਾਲ ਗੱਲ ਕੀਤੀ ਸੀ। ਉਸਨੇ ਕਿਹਾ ਕਿ ''ਮੈਨੂੰ ਨਾ ਛੋਹ ਕਿਉਂ ਜੋ ਮੈਂ ਅਜੇ ਪਿਤਾ ਦੇ ਕੋਲ ਉੱਪਰ ਨਹੀਂ ਗਿਆ ਹਾਂ ਪਰ ਮੇਰੇ ਭਰਾਵਾਂ ਕੋਲ ਜਾਹ ਅਤੇ ਉਨ੍ਹਾਂ ਨੂੰ ਆਖ ਕਿ ਮੈਂ ਉੱਪਰ ਆਪਣੇ ਪਿਤਾ ਅਰ ਤੁਹਾਡੇ ਪਿਤਾ ਕੋਲ ਅਤੇ ਆਪਣੇ ਪਰਮੇਸ਼ੁਰ ਅਤੇ ਤੁਹਾਡੇ ਪਰਮੇਸ਼ੁਰ ਕੋਲ ਜਾਂਦਾ ਹਾਂ'' (ਪੜ੍ਹੋ ਯੂਹੰਨਾ 20:1-18)। ਔਰਤਾਂ ਦੀ ਟੋਲੀ ਵੱਲੋਂ ਪਿਆਰ ਰਸੂਲਾਂ ਨੂੰ ਦੱਸਣ 'ਤੇ ਕਿ ਯਿਸੂ ਜੀ ਉੱਠਿਆ ਹੈ, ''ਅਤੇ ਇਹ ਗੱਲਾਂ ਉਨ੍ਹਾਂ ਨੂੰ ਕਹਾਣੀਆਂ ਜਿਹੀਆਂ ਮਲੂਮ ਹੋਈਆਂ ਅਤੇ ਉਨ੍ਹਾਂ ਨੇ ਉਨ੍ਹਾਂ ਦਾ ਸੱਚ ਨਾ ਮੰਨਿਆ'' (ਪੜ੍ਹੋ ਲੂਕਾ 24:6-11)। ਖ਼ਾਲੀ ਕਬਰ ਵੇਖਣ ਦੇ ਬਾਅਦ ਪਤਰਸ ਉਸ ਸਭ ਤੇ ''ਜੋ ਹੋਇਆ ਸੀ, ਹੈਰਾਨੀ ਪਰਗਟ ਕਰਦਾ ਹੋਇਆ,ਆਪਣੇ ਘਰ ਚਲਿਆ ਗਿਆ''(ਲੂਕਾ 24:12ਅ)। ਬਾਅਦ ਵਿਚ ਓਸੇ ਦਿਨ, ਯਿਸੂ ਨੇ ਦੋ ਜਣਿਆਂ ਨਾਲ ਖਾਣਾ ਖਾਧਾ। ਪਹਿਲਾਂ ਉਨ੍ਹਾਂ ਨੇ ਉਹਨੂੰ ਪਛਾਣਿਆ ਨਹੀਂ, ਪਰ ਜਿਵੇਂ ਹੀ ਉਨ੍ਹਾਂ ਨੇ ਉਹਨੂੰ ਪਛਾਣਿਆ, ਉਹ ਉੱਥੋਂ

ਗਾਇਬ ਹੋ ਗਿਆ (ਲੂਕਾ 24:13-31)। ਉਹਦੇ ਥੋੜ੍ਹੀ ਦੇਰ ਬਾਅਦ, ਯਰੂਸ਼ਲਮ ਵਿਚ ਯਿਸੂ ਉਨ੍ਹਾਂ ਨੂੰ ਵਿਖਾਈ ਦਿੱਤਾ ਸੀ ਜੋ ਰਸੂਲਾਂ ਨਾਲ ਇਕੱਠੇ ਹੋਏ ਸਨ। ''ਉਹ ਪਰੇਸ਼ਾਨ ਹੋ ਕੇ ਡਰ ਗਏ ਅਤੇ ਇਹ ਸਮਝੇ ਕਿ ਅਸੀਂ ਭੂਤ ਨੂੰ ਵੇਖਦੇ ਹਾਂ।'' ਉਸਨੇ ਉਨ੍ਹਾਂ ਨੂੰ ਆਪਣੇ ਹੱਥਾਂ ਅਤੇ ਪੈਰਾਂ ਵਿਚ ਕਿੱਲਾਂ ਦੇ ਨਿਸ਼ਾਨ ਵਿਖਾਉਂਦੇ ਹੋਏ ਉਨ੍ਹਾਂ ਨੂੰ ਯਕੀਨ ਦੁਆਇਆ ਕਿ ਉਹ ਕੋਈ ਭੂਤ ਨਹੀਂ ਸਗੋਂ ਲਹੂ ਅਤੇ ਮਾਸ ਸੀ (ਲੂਕਾ 24:36-43)।

ਇਕ ਹਫ਼ਤੇ ਬਾਅਦ ਯਿਸੂ ਨੇ ਬੰਦ ਕਮਰੇ ਵਿਚ ਆਪਣੇ ਸਭ ਚੇਲਿਆਂ ਨੂੰ ਦਰਸ਼ਣ ਦਿੱਤਾ। ਪਹਿਲਾਂ ਜਦ ਯਿਸੂ ਨੇ ਦਰਸ਼ਣ ਦਿੱਤਾ ਸੀ ਤਾਂ ਥੋਮਾ ਉਨ੍ਹਾਂ ਦੇ ਨਾਲ ਨਹੀਂ ਸੀ। ਉਸ ਨੇ ਯਿਸੂ ਦੇ ਜ਼ਿੰਦਾ ਹੋਣਾ ਯਕੀਨ ਨਹੀਂ ਕੀਤਾ ਸੀ, ਪਰ ਹੁਣ ਉਹ ਉਨ੍ਹਾਂ ਦੇ ਨਾਲ ਸੀ। ਯਿਸੂ ਨੇ ਉਹਦੇ ਨਾਲ ਗੱਲ ਕੀਤੀ। ''ਫਿਰ ਉਹਨੇ ਥੋਮਾ ਨੂੰ ਆਖਿਆ, ਆਪਣੀ ਉਂਗਲ ਉਰ੍ਹੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਰ ਆਪਣਾ ਹੱਥ ਉਰ੍ਹੇ ਕਰ। ਮੇਰੀ ਵੱਖੀ ਵਿਚ ਵਾੜ ਅਤੇ ਬੇਪ੍ਰਤੀਤਾ ਨਾ ਹੋ ਸਗੋਂ ਪ੍ਰਤੀਤਮਾਨ ਹੋ। ਥੋਮਾ ਨੇ ਉਹਨੂੰ ਉੱਤਰ ਦਿੱਤਾ,'*ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ!*' '' (ਯੂਹੰਨਾ 20:27, 28)।

ਗਲੀਲ ਵਿਚ ਆਪਣੇ ਗਿਆਰ੍ਹਾਂ ਚੇਲਿਆ ਨੂੰ ਗ੍ਰੇਟ ਕਮਿਸ਼ਨ ਦੇਣ ਤੇ ਉਨ੍ਹਾਂ ਨੇ ''ਉਸਨੂੰ ਸਲਾਮ ਕੀਤਾ ਸੀ ਪਰ ਕਿਸੇ ਕਿਸੇ ਨੂੰ ਸ਼ੱਕ ਹੋਇਆ'' (ਮੱਤੀ 28:16, 17)। ਇੰਜੀਲ ਦੇ ਲੂਕਾ ਦੇ ਵਿਰਤਾਂਤ ਵਿਚ ਅਸੀਂ ਪੜ੍ਹਦੇ ਹਾਂ ਕਿ ਯਿਸੂ ਦੇ ਜ਼ਿੰਦਾ ਹੋਣ ਦੇ ਬਾਅਦ ਵੀ ਯਿਸੂ ਆਪਣੇ ਰਸੂਲਾਂ ਨੂੰ ਚਾਲੀ ਦਿਨ ਵਿਖਾਈ ਦਿੰਦਾ ਰਿਹਾ ਸੀ। ਰਸੂਲਾਂ ਦੇ ਕੰਮ 1:3 ਮੁਤਾਬਕ ਬਹੁਤ ਸਾਰੇ ਪੱਕੇ ਸਬੂਤਾਂ ਨਾਲ ਉਸਨੇ ਆਪਣੇ ਆਪ ਨੂੰ ਜ਼ਿੰਦਾ ਵਿਖਾਇਆ। ਅਖ਼ੀਰ ਉਹ ਉਨ੍ਹਾਂ ਨੂੰ ਬੈਤਨੀਆ ਦੇ ਨੇੜੇ ਜੈਤੂਨ ਦੇ ਪਹਾੜ ਕੋਲ ਲੈ ਗਿਆ ਜਿੱਥੇ ਉਹਨੂੰ ਅਸਮਾਨ 'ਤੇ ਉੱਪਰ ਉਠਾ ਲਿਆ ਗਿਆ (ਲੂਕਾ 24:51)।

ਅਸੀਂ ਕਿਉਂ ਕਿਹਾ ਹੈ ਕਿ ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਘਟਨਾਵਾਂ ਅਜੀਬ ਸਨ? ਭਲਾ ਇਹ ਅਜੀਬ ਇਸ ਕਰਕੇ ਸਨ ਕਿਉਂਕਿ ਚੇਲਿਆਂ ਨੂੰ ਉਹਦੇ ਜ਼ਿੰਦਾ ਹੋਣ ਨੂੰ ਮੰਨਣਾ ਔਖਾ ਲਗ ਰਿਹਾ ਸੀ? ਜ਼ਾਹਿਰ ਹੈ ਕਿ ਬਹੁਤਿਆਂ ਲਈ ਔਖਾ ਹੋ ਰਿਹਾ ਸੀ, ਪਰ ਇਸ ਨੂੰ ਉਮੀਦ ਤੋਂ ਬਾਹਰੀ ਗੱਲ ਨਹੀਂ ਸਮਝਣਾ ਚਾਹੀਦਾ। ਥਿਓਲੋਜੀਕਲੀ ਭਾਵ ਡਾਕਟ੍ਰਿਨ ਪੱਖੋਂ ਜ਼ਿੰਦਾ ਹੋਣ ਦਾ ਵਿਚਾਰ ਕਰਨਾ ਅਸਾਨ ਲਗ ਸਕਦਾ ਹੈ, ਪਰ ਅਸਲ ਘਟਨਾ ਦੇ ਰੂਪ ਵਿਚ ਇਸਨੂੰ ਮੰਨਣਾ ਅਸਾਨ ਨਹੀਂ ਹੈ ਜਿਸਨੂੰ ਅਸੀਂ ਕਿਸੇ ਨਿੱਜੀ ਅਧਾਰ ਤੇ ਜੋੜ ਸਕਦੇ ਹਾਂ ਕੀ ਇਹ ਅਜੀਬ ਗੱਲ ਸੀ ਕਿ ਯਿਸੂ ਦੇ ਚੇਲੇ ਉਸਦੇ ਵਿਖਾਈ ਦੇਣ ਤੇ ਡਰ ਗਏ ਸਨ? ਬਿਲਕੁਲ ਨਹੀਂ। ਕਿਸੇ ਅਜਿਹੇ ਵਿਅਕਤੀ ਦੇ ਜਿਸ ਨੂੰ ਤੁਸੀਂ ਕੁਝ ਦਿਨ ਪਹਿਲਾਂ ਸਲੀਬ ਤੇ ਚੜ੍ਹਦਿਆਂ ਅਤੇ ਕਬਰ ਵਿਚ ਰੱਖੇ ਜਾਂਦੇ ਵੇਖਿਆ ਹੋਵੇ, ਸਾਹਮਣੇ ਆ ਜਾਣ ਤੇ ਵਿਚਾਰ ਕਰੋ ਕਿ ਤੁਹਾਨੂੰ ਕਿਵੇਂ ਲੱਗੇਗਾ। ਜੇ ਤੁਹਾਨੂੰ ਪੂਰਾ ਯਕੀਨ ਹੋ ਜਾਵੇ ਕਿ ਇਹ ਉਹੀ ਆਦਮੀ ਹੈ ਜਿਸ ਨੂੰ ਤੁਸਾਂ ਮਰਿਆ ਅਤੇ ਕਬਰ ਵਿਚ ਰੱਖਿਆ ਜਾਂਦਾ ਵੇਖਿਆ, ਤਾਂ ਯਕੀਨਨ ਤੁਹਾਨੂੰ ''ਕਿਸੇ ਦੂਜੀ ਦੁਨੀਆਂ'' ਵਿਚ ਹੋਣ ਦਾ ਅਹਿਸਾਸ ਹੋਵੇਗਾ। ਤੁਹਾਨੂੰ ਲੱਗੇਗਾ ਕਿ ਇਹ ਬੰਦਾ ''ਪਰਲੋਕ ਤੋਂ ਵਾਪਸ ਆ ਗਿਆ'' ਹੈ। ਤੁਹਾਨੂੰ ਇਹ ਲੱਗੇਗਾ ਕਿ ਇਹ ਅਨੋਖੀ ਘਟਨਾ ਹੋਈ ਹੈ।

ਯਿਸੂ ਮੁੜ ਜ਼ਿੰਦਾ ਹੋਣ ਅਤੇ ਅਤੇ ਉਸ ਤੋਂ ਬਾਅਦ ਵਿਚ ਵਿਖਾਈ ਦੇਣਾ ਦਾ ਘਟਨਾਕ੍ਰਮ ਅਜੀਬ ਸੀ। ਯਿਸੂ ਨੇ ਆਪਣੀ ਗੱਲਾਂ ਹਾਵ-ਭਾਵ ਵਿਖਾਈ ਦੇਣ ਨਾਲ ਇਸ ਤਰ੍ਹਾਂ ਲੱਗਣ ਵਿਚ ਯੋਗਦਾਨ ਦਿੱਤਾ ਸੀ। ਜ਼ਿੰਦਾ ਹੋਣ ਦੇ ਬਾਅਦ ਉਸਨੇ ਕਿਹਾ ਸੀ, ''ਮੈਨੂੰ ਨਾ ਛੂਹੋ ਕਿਉਂ ਜੋ ਮੈਂ

ਅਜੇ ਪਿਤਾ ਕੋਲ ਉੱਪਰ ਨਹੀਂ ਗਿਆ'' (ਯੂਹੰਨਾ 20:17)। ਯੂਹੰਨਾ ਲਈ ਉਸ ਨੇ ਪਤਰਸ ਨੂੰ ਕਿਹਾ ਸੀ, ''ਜੇ ਮੈਂ ਚਾਹਾਂ ਕਿ ਉਹ ਮੇਰੇ ਆਉਣ ਤਕ ਠਹਿਰੇ ਤਾਂ ਤੈਨੂੰ ਕੀ?'' (ਯੂਹੰਨਾ 21:23ਅ)। ਉਸਦਾ ਵਿਖਾਈ ਦੇਣਾ ਆਮ ਤੌਰ ਤੇ ਅਨੋਖੇ ਹਾਲਾਤ ਵਿਚ ਹੁੰਦਾ ਸੀ। ਇਸ ਤੋਂ ਪਹਿਲਾਂ ਯਿਸੂ ਬੰਦ ਕਮਰੇ ਵਿਚ ਜਾਂ ਤਾਲਾ ਲੱਗੇ ਦਰਵਾਜ਼ਿਆਂ ਵਿਚ ਕਦੇ ਅੰਦਰ ਪਰਗਟ ਨਹੀਂ ਹੋਇਆ ਸੀ। ਕਈ ਵਾਰ ਉਸਨੂੰ ਪਛਾਣਨਾ ਔਖਾ ਹੁੰਦਾ ਸੀ। ਘਟਨਾਵਾਂ ਨੇ ਅਜੀਬ ਮੋੜ ਲੈ ਲਿਆ ਸੀ।

ਯਿਸੂ ਦਾ ਧਰਤੀ 'ਤੇ ਅਸਥਾਈ ਵਾਸ ਪੂਰਾ ਹੋ ਚੁਕਾ ਸੀ। ਕਿੰਨੀ ਜ਼ਬਰਦਸਤ ਘਟਨਾ ਸੀ! ਕਿੰਨੀ ਸ਼ਾਨਦਾਰ ਜ਼ਿੰਦਗੀ ਸੀ! ਕਿੰਨਾ ਅਨੋਖਾ ਮੁਕਤੀਦਾਤਾ ਸੀ! ਤੁਸੀਂ ਕਦੇ ਵਿਚਾਰ ਕੀਤਾ ਹੈ ਕਿਵੇਂ ''ਦੁਨੀਆਂ ਵਿਚ ਕਦੇ ਆ ਕੇ'' ਕੁਝ ਸਮਾਂ ਬਿਤਾਏ ਅਤੇ ਅਨਾਦੀਕਾਲ ਵਿਚ ਵਾਪਸ ਚਲਿਆ ਜਾਵੇ ਜਿਸ ਵਿਚ ਉਹ ਰਹਿੰਦਾ ਹੈ? ਆਪਣੀ ਸ੍ਰਿਸ਼ਟੀ ਦਾ ਸੰਤੁਲਨ ਵਿਗਾੜੇ ਬਗੈਰ ਉਹ ਇੰਜ ਕਿਵੇਂ ਕਰ ਸਕਦਾ ਹੈ? ਉਹ ਆਪਣੀ ਅਸੀਮਤ ਸ਼ਕਤੀ ਕਿਵੇਂ ''ਰੱਖ'' ਸਕਦਾ ਸੀ ਜਿਸ ਨਾਲ ਸਾਡੀ ਅਕਾਸ਼-ਗੰਗਾ ਵਿਚ ਗੜਬੜ ਨਾ ਹੋਵੇ ਅਤੇ ਧਰਤੀ 'ਤੇ ਉਥਲ ਪੁਥਲ ਨਾ ਹੋਵੇ? ਜਵਾਬ ਯਿਸੂ ਮਸੀਹ ਵਿਚ ਹੈ, ਕਿਉਂਕਿ ''ਪਰਮੇਸ਼ੁਰ ਮਸੀਹ ਵਿਚ ਹੋ ਕੇ ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ'' (2 ਕੁਰਿੰਥੀਆਂ 5:19ੳ)।

ਇਸ ਬਾਰੇ ਵਿਚਾਰ ਕਰਨ 'ਤੇ ਕਿ ਇਹ ਮਹਾਨ ਕੰਮ ਕਿਵੇ ਪੂਰਾ ਹੋਇਆ, ਸਾਨੂੰ ਧਿਆਨ ਹੈ ਕਿ ਮਨਬਦਲੀਆਂ ਸਪੱਸ਼ਟ ਹਨ। ਪਹਿਲਾਂ ਖ਼ੁਦਾ ਤੋਂ ਮਨੁੱਖ ਉੱਪਰ ਜ਼ੋਰ ਦੇਣਾ ਸੀ। ਨਵਜਾਤ ਯਿਸੂ ਫ਼ਰਿਸ਼ਤਿਆਂ ਰਾਹੀਂ ਵਡਿਆਈ ਗਾਉਣ ਦੇ ਸ਼ੋਰ ਵਿਚ ਆਇਆ, ਪਰ ਓਹ ਖੁਰਲੀ ਵਿਚ ਇਕ ਕੱਪੜੇ ਵਿਚ ਲਿਪਟਿਆ ਹੋਇਆ ਪਿਆ ਸੀ। ਉਹ ਕੁਆਰੀ ਦਾ ਪੁੱਤਰ ਸੀ, ਪਰ ਉਸਨੂੰ ਯੂਸਫ ਦਾ ਪੁੱਤਰ ਮੰਨਿਆ ਜਾਂਦਾ ਸੀ। ਖ਼ੁਦਾ ਮਨੁੱਖ ਦੇ ਰੂਪ ਵਿਚ ਪਰਗਟ ਹੋਇਆ ਸੀ। ਦੇਹਧਾਰੀ ਹੋਣਾ ਹਕੀਕਤ ਸੀ। ਪੌਲੁਸ ਨੇ ਲਿਖਿਆ:

> ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ। ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰ ਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿਚ ਜੰਮਿਆ। ਅਤੇ ਮਨੁੱਖ ਦੀ ਸ਼ਕਲ ਵਿਚ ਪਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ (ਫ਼ਿਲਿੱਪੀਆਂ 2:5-8)।

ਦੂਜੀ ਤਬਦੀਲੀ ਮਨੁੱਖ ਤੋਂ ਖ਼ੁਦਾ ਦੀ ਬਦਲੀ ਵਿਚ ਜ਼ੋਰ 'ਚ ਬਦਲਾਅ ਸੀ। ਉਹਦੇ ਮਨੁੱਖ ਹੋਣ ਨਾਲ ਉਹਦੇ ਖ਼ੁਦਾ ਹੋਣ 'ਤੇ ਪਰਦਾ ਪੈ ਗਿਆ ਸੀ। ਤਬਦੀਲੀ ਦੇ ''ਅਨੋਖਾਪਨ'' ਵਿਚ ਹੀ ਅਖ਼ੀਰ 'ਚ ਥੋਮਾ ਉਸ ਦੇ ਪਰਦੇ ਵਿਚ ਜੋ ਉਠਾਇਆ ਜਾ ਰਿਹਾ ਸੀ, ਦੇਖ ਸਕਿਆ ਸੀ। ਉਸ ਨੇ ਯਿਸੂ ਨੂੰ ''ਹੇ ਮੇਰੇ ਪ੍ਰਭੂ, ਅਤੇ ਹੇ ਮੇਰੇ ਪਰਮੇਸ਼ੁਰ'' (ਯੂਹੰਨਾ 20:28) ਆਖ ਕੇ ਗੱਲ ਕੀਤੀ। ਤੁਸੀਂ ਕਹਿ ਸਕਦੇ ਹੋ ਕਿ ਇਹ ਤਾਂ ਇੱਕੋ ਹੀ ਬੰਦੇ ਦਾ ਮੰਨਣਾ ਸੀ। ਇਹ ਸੱਚ ਹੈ, ਪਰ ਖ਼ੁਦਾ ਨੇ ਮਨੁੱਖ ਨੂੰ ਖ਼ੁਦਾ ਦੀ ਆਪਣੀ ਰੌਸ਼ਨੀ ਵਿਚ ਮਨੁੱਖਤਾ, ਇਸ ਦੀ ਇਤਿਹਾਸਕ, ਫੈਸਲਾਕੁੰਨ ਉਸ ਹਕੀਕਤ ਨੂੰ ਮੰਨਣ ਅਤੇ ਉਹਦੇ ਪ੍ਰਕਾਸ਼ ਦੀ ਅਹਿਮੀਅਤ ਨੂੰ ਮੰਨਣ ਦੀ ਮਨੁੱਖੀ ਯੋਗਤਾ ਦਿੱਤੀ ਹੈ।

ਸੁਰਗ ਜਾਣ ਦੇ ਸਮੇਂ ਤਬਦੀਲੀ ਪੂਰੀ ਹੋ ਗਈ ਸੀ। ਯਿਸੂ ਇਕ ਦਿਨ ਮੁੜ ਕਦੇ ਨਾ ਦਿਸਣ ਲਈ ਅਲੋਪ ਹੀ ਨਹੀਂ ਹੋਇਆ ਸੀ। ਆਪਣੇ ਰਸੂਲਾਂ ਨਾਲ ਗੱਲ ਕਰਦੇ-ਕਰਦੇ ''ਉਨ੍ਹਾਂ ਦੇ ਵੇਖਦਿਆਂ ਵੇਖਦਿਆਂ ਉਹ ਉਤਾਹਾਂ ਉਠਾਇਆ ਗਿਆ ਅਤੇ ਬੱਦਲੀ ਨੇ ਉਸ ਨੂੰ ਉਨ੍ਹਾਂ ਦੀ ਨਜ਼ਰੋਂ ਓਹਲੇ ਕਰ ਦਿੱਤਾ'' (ਰਸੂਲਾਂ ਦੇ ਕੰਮ 1:9)। ਇਸ ਤਰ੍ਹਾ ਮਨੁੱਖ ਤੋਂ ਖ਼ੁਦਾ ਦੇ ਵੱਲ ਉਹਦੀ ਤਬਦੀਲੀ ਪੂਰੀ ਹੋ ਗਈ ਸੀ।

ਬੇਸ਼ੱਕ ਇਹ ਦੋ ਵੱਡੇ ਬਦਲਾਅ ਇਹ ਦਾਅਵਾ ਨਹੀਂ ਕਰਦੇ ਕਿ ਆਪਣੇ ਜਨਮ 'ਤੇ ਯਿਸੂ ਖ਼ੁਦਾ ਤੋਂ ਥੋੜ੍ਹਾ ਘੱਟ ਅਤੇ ਇਨਸਾਨ ਤੋ ਥੋੜ੍ਹਾ ਵੱਧ ਬਣਿਆ ਜਾਂ ਮੌਤ ਸਮੇਂ ਉਹ ਮਨੁੱਖ ਘੱਟ ਪਰ ਖ਼ੁਦਾ ਬਹੁਤਾ ਬਣਿਆ। ਅਸੀਂ ਹਰ ਬਦਲਾਅ ਵਿਚ ਸਾਫ਼ ਦਿਖਾਈ ਦੇਣ ਵਾਲੇ ਮੁਜ਼ਾਹਰਿਆਂ ਦਾ ਮੁਲਾਂਕਣ ਹੀ ਕੀਤਾ ਹੈ। ਜੋ ਅਸੀਂ ਸਿੱਖਿਆ ਹੈ ਉਹ ਇਹ ਹੈ ਕਿ ਮਸੀਹ ਦਾ ਛੁਟਕਾਰੇ ਦਾ ਕੰਮ ਐਨਾ ਅਸਾਨ ਨਹੀਂ ਹੈ ਕਿ ਆਪੇ ਹੀ ਸਮਝ ਆ ਜਾਵੇ। ਪਰ ਇਕ ਵਾਰ ਸਮਝ ਆ ਜਾਣ ਤੇ ਖ਼ੁਦਾ ਦੇ ਪਿਆਰ, ਫ਼ਜ਼ਲ, ਅਤੇ ਰਹਿਮ ਦੀ ਝਲਕ ਸਾਨੂੰ ਵਿਸ਼ਵਾਸ, ਪਿਆਰ, ਸ਼ੁਕਰਗੁਜ਼ਾਰੀ ਅਤੇ ਸੇਵਾ ਲਈ ਆਪਣੀਆਂ ਜ਼ਿੰਦਗੀਆਂ ਦੇਣ ਲਈ ਪ੍ਰੇਰਿਤ ਕਰਦੀ ਹੈ।

ਇਸੇ ਤਰ੍ਹਾਂ ਬਾਈਬਲ ਵਿਚ ਮਿਲਣ ਵਾਲਾ ਗੀਤ ਦੇ ਰੂਪ ਵਿਚ ਐਲਾਨ, ਜਿਸਨੂੰ ਕਈ ਵਾਰ ''ਦੇਹ ਧਾਰੀ ਹੋਣ ਦਾ ਗੀਤ'' ਵੀ ਕਿਹਾ ਜਾਂਦਾ ਹੈ, ਬਿਲਕੁਲ ਢੁਕਵਾਂ ਵਿਸ਼ਾ ਹੈ ਜਿਸ ਨਾਲ ਅਸੀਂ ''ਪਰਮੇਸ਼ੁਰ ਪੁੱਤਰ'' ਦਾ ਆਪਣਾ ਅਧਿਐਨ ਖ਼ਤਮ ਕਰ ਸਕਦੇ ਹਾਂ:

> ਅਤੇ ਨਿਸੰਗ ਭਗਤੀ ਦਾ ਭੇਤ ਵੱਡਾ ਹੈ, ਉਹ ਸਰੀਰ ਵਿਚ ਪਰਗਟ ਹੋਇਆ, ਆਤਮਾ ਵਿਚ ਧਰਮੀ ਠਹਿਰਾਇਆ ਗਿਆ, ਦੂਤਾਂ ਤੋਂ ਵੇਖਿਆ ਗਿਆ, ਕੌਮਾਂ ਵਿਚ ਉਹਦਾ ਪ੍ਰਚਾਰ ਕੀਤਾ ਗਿਆ, ਜਗਤ ਵਿਚ ਉਸ ਉੱਤੇ ਨਿਹਚਾ ਕੀਤੀ ਗਈ, ਤੇਜ ਵਿਚ ਉਤਾਹਾਂ ਉਠਾ ਲਿਆ ਗਿਆ (1 ਤਿਮੋਥਿਉਸ 3:16)।

---

ਟਿੱਪਣੀ

[1]ਲੂਕਾ 1:34, 35; 2:33, 34, 41, 42, 48; 3:23; ਮੱਤੀ 13:55, 56; ਯੂਹੰਨਾ 6:42.